This question paper contains 2 printed pages]

*Your Roll No.* ..........................

**7596**

**B.A. (PROGRAMME)/II/III E-I**

PUNJABI LANGUAGE (A)—Paper II

(Advanced Punjabi)

*Time : 3 Hours* *Maximum Marks* : 100

*(Write your Roll No. on the top immediately on receipt of this question paper.)*

ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਹੇਠ ਲਿਖੇ ਪਾਠ ਨੂੰ ਪੜ੍ਹਕੇ ਉਸਦੇ ਕੇਂਦਰੀ ਨੁਕਤੇ ਨੂੰ ਆਪਣੇ ਸ਼ਬਦਾਂ ਵਿਚ ਲਿਖੋ: 15

ਧਨੀ ਰਾਮ ਚਾਤ੍ਰਿਕ ਉਨ੍ਹਾਂ ਸਾਹਿਤਕਾਰਾਂ ਵਿਚੋਂ ਸਨ ਜਿਨ੍ਹਾਂ ਨੇ ਆਪਣੀ ਕਲਮ ਦਾ ਇਸਤੇਮਾਲ ਸਮਾਜ ਦੀ ਭਲਾਈ ਲਈ ਕੀਤਾ ਹੈ। ਉਨ੍ਹਾਂ ਨੇ ਆਪਣੀ ਲੇਖਣੀ ਨੂੰ ਸਾਰਥਕ ਰੱਖਣ ਲਈ ਆਪਣੇ ਵੇਲੇ ਦੇ ਮਾਹੌਲ ਨੂੰ ਬਹੁਤ ਬਾਰੀਕੀ ਨਾਲ ਸਮਝਿਆ ਅਤੇ ਇਕ ਸੰਵੇਦਨਸ਼ੀਲ ਲਿਖਾਰੀ ਵਾਂਗ ਲੋਕਾਂ ਨੂੰ ਪੰਜਾਬੀਅਤ ਦੇ ਮਾਇਨੇ ਸਮਝਾਉਂਦਿਆਂ ਸਾਂਝੀਵਾਲਤਾ ਦਾ ਸੰਦੇਸ਼ ਵੀ ਦਿੱਤਾ। ਇਹ ਸਮਾਂ, ਉਹ ਸੀ ਜਦ ਦੇਸ਼ ਗ਼ੁਲਾਮ ਸੀ ਅਤੇ ਅਜ਼ਾਦੀ ਲਈ ਜਦੋ-ਜਹਿਦ ਸ਼ੁਰੂ ਹੋ ਚੁੱਕੀ ਸੀ। ਅਜ਼ਾਦੀ ਹਾਸਲ ਕਰਨ ਲਈ ਜ਼ਰੂਰੀ ਸੀ ਕਿ ਸਾਰੇ ਧਰਮਾਂ ਦੇ ਲੋਕ ਇਕਜੁੱਟ ਹੋਕੇ ਰਹਿੰਦੇ। ਅੰਗ੍ਰੇਜ਼ਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨਾਲ ਸਮਾਜ ਵਿਚ ਬਹੁਤ ਬੇਵਸਾਹੀ ਅਤੇ ਫ਼ਿਰਕਿਆਂ ਵਿਚਕਾਰ ਨਫਰਤ ਫੈਲਾਉਣ ਦੀ ਕੋਸ਼ਿਸ਼ ਕੀਤੀ। ਇਸ ਗੱਲ ਨੂੰ ਸਮਝਦਿਆਂ ਹੋਇਆਂ ਧਨੀ ਰਾਮ ਚਾਤ੍ਰਿਕ ਨੇ ਲੋਕਾਂ ਨੂੰ ਆਪਣੇ ਸਾਂਝੇ ਵਿਰਸੇ ਦੀ ਯਾਦ ਦੁਆਈ।

2. ਹੇਠ ਲਿਖੇ ਵਿਸ਼ਿਆਂ ਵਿਚੋਂ **ਇੱਕ** ਵਿਸ਼ੇ ਉੱਪਰ 500 ਸ਼ਬਦਾਂ ਤੱਕ ਦਾ ਨਿਬੰਧ ਲਿਖੋ: 20

- ਪ੍ਰਦੂਸ਼ਣ ਦੀ ਸਮੱਸਿਆ
- ਵਿਦਿਆਰਥੀ ਤੇ ਰਾਜਨੀਤੀ
- ਜੀਵਨ ਤੇ ਖੇਡਾਂ

3. ਹੇਠ ਲਿਖੇ ਪੈਰ੍ਹੇ ਦਾ ਸਾਰਾਂਸ਼ ਅਤੇ ਢੁੱਕਵਾਂ ਸਿਰਲੇਖ ਲਿਖੋ: 10

ਪ੍ਰਦੂਸ਼ਣ ਹਵਾ ਰਾਹੀਂ, ਮੱਖੀਆਂ ਮੱਛਰਾਂ ਰਾਹੀਂ, ਗੰਦੇ ਵਾਤਾਵਰਣ ਰਾਹੀਂ, ਅਸ਼ੁੱਧ ਪਾਣੀ ਰਾਹੀਂ ਤੇ ਅਨੇਕਾਂ ਹੀ ਅਜਿਹੇ ਹੋਰ ਕਾਰਣਾਂ ਰਾਹੀਂ ਵਾਪਰਦਾ ਹੈ। ਬਹੁਤੀ ਵਾਰ ਗਲੀਆਂ ਸੜ੍ਹੀਆਂ

P.T.O.

ਸਬਜ਼ੀਆਂ ਅਤੇ ਫਲਾਂ ਤੋਂ ਕੋਈ ਨਾਮੁਰਾਦ ਬਿਮਾਰੀ ਲੋਕਾਂ ਨੂੰ ਚੰਬੜਦੀ ਹੈ। ਪਿੰਡਾਂ ਸ਼ਹਿਰਾਂ ਵਿਚ ਧੂੰਏਂ ਅਤੇ ਮਿੱਟੀ ਦੇ ਇੱਕ ਤਰ੍ਹਾਂ ਨਾਲ ਬੱਦਲ ਵਾਤਾਵਰਣ ਨੂੰ ਧੁੰਦਲਾ ਕਰੀ ਰੱਖਦੇ ਹਨ। ਇਹ ਧੂੰਆਂ ਮੋਟਰ ਗੱਡੀਆਂ ਤੋਂ ਅਤੇ ਖੇਤਾਂ ਵਿਚ ਸਾੜੀ ਗਈ ਫਸਲ ਦੀ ਰਹਿੰਦ-ਖੂੰਹਦ ਤੋਂ ਪੈਦਾ ਹੁੰਦਾ ਹੈ। ਗ਼ੈਰ-ਯੋਜਨਾਬੱਧ ਢੰਗ ਨਾਲ ਲਾਈਆਂ ਸਨਅਤਾਂ 'ਚੋਂ ਨਿੱਕਲਦਾ ਧੂੰਆਂ ਲੋਕਾਂ ਦਿਆਂ ਫੇਫੜਿਆਂ ਵਿਚ ਘਾਤਕ ਬਿਮਾਰੀਆਂ ਪੈਦਾ ਕਰਨ ਦਾ ਕਾਰਣ ਬਣਦਾ ਹੈ। ਅੱਖਾਂ ਦੀ ਜੋਤ ਧੁੰਦਲੀ ਹੁੰਦੀ ਜਾਂਦੀ ਹੈ। ਜਿੱਥੋਂ ਤੱਕ ਧੂੜ ਦਾ ਸੰਬੰਧ ਹੈ, ਅਕਸਰ ਇਹ ਲਗਦਾ ਹੈ ਕਿ ਅਸੀਂ ਇਨ੍ਹਾਂ ਧੂੜ ਦੇ ਬੱਦਲਾਂ ਵਿਚ ਨਹਾ ਰਹੇ ਹਾਂ। ਅਜਿਹਾ ਲਗਾਤਾਰ ਵਾਪਰਦਾ ਹੈ। ਵਾਤਾਵਰਣ ਪੂਰੀ ਤਰ੍ਹਾਂ ਪ੍ਰਦੂਸ਼ਿਤ ਹੈ। ਕੂੜੇ ਅਤੇ ਹੋਰ ਗੰਦ ਮੰਦ ਦੇ ਅੰਬਾਰ ਥਾਂ ਪੁਰ ਥਾਂ ਲੱਗੇ ਨਜ਼ਰ ਆਉਂਦੇ ਹਨ। ਅਜਿਹੇ ਨਰਕ ਵਿਚ ਅਸੀਂ ਜੀਅ ਰਹੇ ਹਾਂ। ਇੰਝ ਲਗਦਾ ਹੈ ਜਿਵੇਂ ਭਾਰਤ ਵਿਚ ਪੈਦਾ ਹੋਇਆ ਵਿਅਕਤੀ ਸਾਰੀ ਉਮਰ ਅਜਿਹਾ ਨਰਕ ਹੰਢਾਉਣ ਲਈ ਆਇਆ ਹੋਵੇ। ਕਿਸੇ ਤਰ੍ਹਾਂ ਦੀ ਕੋਈ ਚੇਤਨਾ ਨਾ ਤਾਂ ਸਮਾਜ ਵਿਚ ਇਸ ਪ੍ਰਤੀ ਦਿਖਾਈ ਦਿੰਦੀ ਹੈ, ਨਾ ਹੀ ਸਰਕਾਰਾਂ ਇਸਦੀ ਕੋਈ ਪ੍ਰਵਾਹ ਕਰੀਆਂ ਹਨ।

4. 'ਦੋਸਤੀ' ਜਾਂ 'ਮਾਂ' ਬਾਰੇ ਕੋਈ ਕਵਿਤਾ ਲਿਖੋ।

ਜਾਂ

ਆਪਣੇ ਕਿਸੇ ਮਨ-ਭਾਉਂਦੇ ਨਾਵਲ ਜਾਂ ਕਹਾਣੀ ਦਾ ਸਾਰ ਲਿਖੋ। 15

5. ਕਿਸੇ ਭੀੜ-ਭਾੜ ਵਾਲੀ ਥਾਂ ਉਤੇ ਹਾਦਸੇ ਬਾਰੇ ਇਕ ਫ਼ੀਚਰ ਲਿਖੋ।

ਜਾਂ

ਆਪਣੇ ਕਾਲਜ ਵਿਚ ਹੋਏ ਯੁਵਾ-ਮੇਲੇ ਦੀ ਰਿਪੋਰਟ ਤਿਆਰ ਕਰੋ। 15

6. ਹੇਠ ਲਿਖੀਆਂ ਸਤਰਾਂ ਵਿਚ ਲੋੜ ਅਨੁਸਾਰ ਵਿਸਰਾਮ-ਚਿੰਨ੍ਹ ਲਗਾਓ:

ਇਨ੍ਹਾਂ ਯਾਤਰਾਵਾਂ ਦਾ ਉਦੇਸ਼ ਸਿਰਫ ਸੈਰ-ਸਪਾਟਾ ਨਹੀਂ ਸੀ ਸਗੋਂ ਉਨ੍ਹਾਂ ਦੇ ਮਨ ਵਿਚ ਭਾਰਤ ਵਰਸ਼ ਦੇ ਉਨ੍ਹਾਂ ਪੁਰਾਤਨ ਪਛਾਣ-ਚਿੰਨ੍ਹਾਂ ਨੂੰ ਉਲੀਕਣ ਦੀ ਇੱਛਾ ਸੀ ਜਿਸਨੇ ਇਸ ਭਾਰਤੀ ਮਹਾਂਦੀਪ ਦੇ ਵਿਸਤਾਰ ਵਿਚ ਅੱਜ ਵੀ ਕੁਝ ਸਾਂਝ ਕਾਇਮ ਰੱਖੀ ਹੋਈ ਹੈ 15

7. ਸ਼ਬਦ ਰਚਨਾ ਦੇ ਕੋਈ ਪੰਜ ਨੇਮ ਲਿਖੋ।

ਜਾਂ

ਵਿਸ਼ੇਸ਼ਣ ਕਿਸ ਨੂੰ ਕਹਿੰਦੇ ਹਨ? ਕਿਸੇ ਦੋ ਵਿਸ਼ੇਸ਼ਣਾਂ ਬਾਰੇ ਜਾਣਕਾਰੀ ਦਿਓ। 10